# ਕਲਿ ਤਾਤੀ ਠਾਂਢਾ ਹਰਿ ਨਾਉ ॥

**ਮਾਇਕੀ ਸੰਸਾਰ**— ਪੰਜ ਤੱਤਾਂ (ਹਵਾ, ਪਾਣੀ, ਅਗਨੀ, ਧਰਤੀ ਅਤੇ ਆਕਾਸ਼) ਦੇ ਮਿਲਗੋਭੇ ਤੋਂ ਰਚਿਆ ਗਿਆ ਹੈ। ਇਹਨਾਂ ਤੱਤਾਂ ਵਿਚੋਂ **'ਅਗਨੀ'** ਇਕ ਕੁਦਰਤੀ 'ਤੱਤ' ਹੈ।

ਇਹ ਅਗਨੀ ਕਈ ਕਿਸਮ ਦੀ ਮੰਨੀ ਗਈ ਹੈ :—

**1. ਬਾਹਰਲੀ ਅੱਗ —**

ਜੋ ਦਿੱਸਣਹਾਰ ਹੈ ਅਤੇ ਮਹਿਸੂਸ ਹੁੰਦੀ ਹੈ, ਜਿਸ ਤਰਾਂ ਕਿ ਲੱਕੜਾਂ, ਕੋਇਲੇ, ਬਿਜਲੀ, ਗੈਸ, ਤੇਲ ਆਦਿ ਦੀਆਂ ਅੱਗਾਂ। ਇਹ ਅਸੀਂ ਆਪਣੀ ਮਰਜ਼ੀ ਨਾਲ ਜਲਾ ਜਾਂ ਬੁਝਾ ਸਕਦੇ ਹਾਂ।

**2. ਸਰੀਰਕ ਅੱਗ :—**

ਇਹ ਹਰ ਸਰੀਰ ਦੇ ਅੰਦਰ ਅਦ੍ਰਿਸ਼ਟ ਰੂਪ ਵਿਚ ਰਵਿ-ਰਹੀ ਭਰਪੂਰ ਹੈ, ਅਤੇ ਸਾਡੀ 'ਜੀਵਨ-ਅਗਨੀ' (vital life heat) ਕਹਿਲਾਉਂਦੀ ਹੈ। ਇਸੇ ਜੱਠਰ ਅਗਨੀ ਨਾਲ, ਮਾਂ ਦੇ ਪੇਟ ਵਿਚ-ਬੱਚੇ ਦੀ ਪਾਲਣਾ ਹੁੰਦੀ ਹੈ। ਜਦ ਜੀਵ ਦੀ ਮੌਤ ਹੋ ਜਾਂਦੀ ਹੈ ਤਾਂ ਉਸ ਦੇ ਸਰੀਰ ਨੂੰ 'ਠੰਢਾ ਹੋ ਗਿਆ' ਕਿਹਾ ਜਾਂਦਾ ਹੈ।

**3. ਤੱਤ ਅਗਨੀ :—**

ਜਿਸ ਤਰ੍ਹਾਂ ਕਿ ਸੂਰਜ ਦੀ ਗਰਮੀ, ਧਰਤੀ ਵਿਚਲੀ ਗਰਮੀ, ਅਸਮਾਨੀ ਬਿਜਲੀ, ਬੰਬਾਂ ਦੀ ਤੱਤ-ਅਗਨੀ ਆਦਿ। ਸੂਰਜ ਦੀ ਗਰਮੀ ਸਾਡੇ ਮਾਦੀ-ਜੀਵਨ ਦਾ ਆਧਾਰ ਹੈ। ਪਰ ਹੋਰ ਕਈ ਤੱਤਾਂ (elements) ਦੀ ਅਗਨੀ ਅਤਿਅੰਤ ਹਾਨੀਕਾਰਕ ਹੈ।

**4. ਮਾਨਸਿਕ ਅੱਗ :—**

ਜੋ ਸਾਡੇ ਖਿਆਲਾਂ ਦੇ ਭਾਵੁਕ ਜੋਸ਼ ਤੋਂ ਉਤਪੰਨ ਹੁੰਦੀ ਹੈ। ਇਹ ਗੁਝੀ ਅੱਗ ਹੈ—ਦਿਸਦੀ ਨਹੀਂ।

ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ (ਪੰਨਾ-673)

ਇਹ ਮਾਨਸਿਕ ਅੱਗ :—

ਦਿਸਦੀ ਨਹੀਂ
ਗੁੱਝੀ ਹੈ
ਭੇਦ ਵਾਲੀ ਹੈ



# Kal tati Thaanda har naao.

## The Dark Age of Kali Yuga is so hot; the Lord's Name is soothing and cool.

The materialistic world is created from the combination of five elements (air, water, fire, earth and ether). Of these elements 'fire' is a natural 'element'.

There are many different types of fires:-

1 External Fire-
This fire can be seen, can be felt. The fire from wood, coal, electricity, gas, oil etc. belongs to this category. At will we can light it or put it off.

2 Body Fire
This fire is invisible and exists within the body. It is called vital life 'heat'. With this *jathar agni* (the invisible fire within) the newly conceived foetus is nurtured in the mother's womb. When a person dies we say the person has turned cold (the invisible fire has disappeared).

3 Elemental fire
The heat from the sun, the heat from within the earth, lightening in the sky, heat from bombs etc. falls in this category. The heat from the sun is essential as it supports all material life. But there are other elements as well whose heat is extremely harmful.

4 Mental fire
This heat results from the strength of mental activity. It is invisible – it cannot be seen.

The world is being consumed by this hidden fire, but maya does not cling to the Lord's devotees. 673

This mental heat:-

Cannot be seen
It is invisible
It has a purpose

ਸਰਬ-ਬਿਆਪੀ ਹੈ
ਊਚ ਨੀਚ ਸਮਾਨੀ ਹੈ
ਰਵਿ-ਰਹੀ ਭਰਪੂਰ ਹੈ
ਸਰਬ-ਵੇਲਾ ਪ੍ਰਵਿਰਤ ਹੈ
ਸਾਰੇ ਸੰਸਾਰ ਨੂੰ ਲੱਗੀ ਹੋਈ ਹੈ
**ਸਾਨੂੰ ਭੀ ਲੱਗੀ ਹੋਈ ਹੈ**
ਇਸ ਦੇ ਨਤੀਜੇ ਬੜੇ ਭਿਆਨਕ ਹਨ
ਇਸ ਦੇ ਭਾਂਬੜਾਂ ਵਿਚ ਅਸੀਂ ਤੜਫਦੇ ਹਾਂ
ਅਤਿ ਦੁਖੀ ਹੁੰਦੇ ਹਾਂ,
'ਹਾਇ-ਬੂ' ਕਰਦੇ ਹਾਂ
ਹਾਲ-ਦੁਹਾਈ ਮਚਾਉਂਦੇ ਹਾਂ,
ਸ਼ਿਕਾਇਤਾਂ ਕਰਦੇ ਹਾਂ,
ਰੋਸੇ-ਗਿਲੇ ਕਰਦੇ ਹਾਂ,
ਨਰਕ ਭੋਗਦੇ ਹਾਂ ।

**ਪਰ, ਫਿਰ ਭੀ** ਇਸ ਭਿਆਨਕ **'ਆਗਨ-ਸੋਕ-ਸਾਗਰ' ਵਿਚੋਂ ਨਿਕਲਣ, ਦਾ** ਯਾ **ਬਚਨ ਦਾ** ਕੋਈ—

**ਖ਼ਿਆਲ ਹੀ ਨਹੀਂ,**
**ਫ਼ਿਕਰ ਹੀ ਨਹੀਂ,**
ਉੱਦਮ ਹੀ ਨਹੀਂ,
ਵਿਉਂਤ ਹੀ ਨਹੀਂ !!!

ਇਹ ਬੜੀ **ਅਚੰਭੇ ਵਾਲੀ ਗੱਲ ਹੈ** ਕਿ ਸਾਰੀਆਂ ਜੂਨਾਂ ਦਾ **ਸਿਰਤਾਜ ਤੇ ਸਿਆਣਾ, ਅਫਲਾਤੂਨ ਇਨਸਾਨ ਹੀ,** ਹੋਰ ਸਾਰਿਆਂ ਜੀਵਾਂ ਨਾਲੋਂ ਇਸ **'ਗੁੱਝੀ ਮਾਨਸਿਕ ਅੱਗ' ਵਿਚ ਵੱਧ ਸੜ-ਬਲ ਰਿਹਾ ਹੈ,** ਅਤੇ ਬੇਅੰਤ ਆਰਾਮ ਅਤੇ ਐਸ਼ ਦੀਆਂ ਸਹੂਲਤਾਂ ਮਾਣਦਾ ਹੋਇਆ ਭੀ, ਸਭ ਤੋਂ ਜ਼ਿਆਦਾ ਦੁਖੀ ਹੋ ਰਿਹਾ ਹੈ !

ਇਸ ਲਈ ਐਸੀ **ਸਰਬੱਗ ਗੁੱਝੀ 'ਅੱਗ',** ਅਤੇ ਉਸ ਦੇ ਭਿਆਨਕ ਨਤੀਜਿਆਂ ਨੂੰ ਸਮਝਣ, ਬੁੱਝਣ, ਪਹਿਚਾਨਣ ਦੀ **ਅਤਿ ਲੋੜ ਹੈ ।**

ਗੁਰਬਾਣੀ ਦੀ ਰੋਸ਼ਨੀ ਵਿਚ-ਇਸ ਅਤਿ ਜਰੂਰੀ ਅਤੇ ਦੀਰਘ ਵਿਸ਼ੇ ਨੂੰ **ਖੋਜਣ ਅਤੇ ਸਮਝਣ ਦਾ** ਇਸ ਲੇਖ ਵਿਚ ਉਦਮ ਕੀਤਾ ਜਾਂਦਾ ਹੈ ।



It is present everywhere
It's the same for the high and the low
It is all engulfing
It is present at all times
It is within the whole creation
Its results are very frightening
We suffer within its flames
We face unbearable misery
We wail in agony
We groan in anguish
We complain
We show grievances
We face hell

But, in spite of all this, there is

No thought at all
No worry whatsoever
No effort is made
No plans formulated

to free or save oneself from the 'grief ocean of fire".

The surprising thing is that although man stands supreme among all life forms in this whole creation, is the most knowledgeable, yet it is this philosopher who gets most burnt in the 'invisible mental fire'. In spite of enjoying numerous facilities which provide comforts and pleasures, man is also the one who experiences the most miseries.

For this reason it is extremely important that we understand, unravel and recognize the terrible consequences that this one omniscient (sarbag) invisible 'fire' unleashes.

In this article an attempt is made to research and understand this important subject in the light of Gurbani.

ਕਾਇਨਾਤ ਵਿਚ ਦੋ ਭਿੰਨ-ਭਿੰਨ **ਮੰਡਲ** ਹਨ :—

**1. ਆਤਮਿਕ ਮੰਡਲ ;** ਜਿਸ ਵਿਚ **ਦੈਵੀ ਗੁਣ** :—

ਇਲਾਹੀ ਪ੍ਰਕਾਸ਼
ਸੱਚ
ਸ਼ਬੱਦ
ਹੁਕਮ
ਨਾਮ
ਪਿਆਰ
ਪ੍ਰੇਮ-ਸਵੈਪਨਾ
ਨਿਰਮਲਤਾ
ਦੈਵੀ ਭਾਵਨਾਵਾਂ
ਆਤਮ ਰੰਗ
ਮਹਾ-ਸੁਖ
ਸਦਾ–ਸੁਖ
ਸ਼ਾਂਤੀ
ਠੰਢ

**ਦਾ ਪ੍ਰਵੇਸ਼ ਤੇ ਪ੍ਰਗਟਾਵਾ ਹੈ ।**

**2. ਮਾਇਕੀ ਮਾਨਸਿਕ ਮੰਡਲ** : ਜਿਸ ਵਿਚ :—

ਅਗਿਆਨਤਾ ਦਾ ਹਨੇਰਾ
ਅਹੰਕਾਰ ਦਾ ਭਰਮ
ਨੀਵੀਆਂ ਰੁਚੀਆਂ
ਕਾਮ ਦੀ ਹਨੇਰੀ
ਕ੍ਰੋਧ ਦੀ ਅੱਗ
ਲੋਭ ਦੀ ਲਹਿਰ
ਮੋਹ ਦੀ ਮਮਤਾ
ਮੈਂ-ਮੇਰੀ ਦੀ ਪਕੜ
ਖੁਦ-ਗਰਜ਼ੀ
ਈਰਖਾ
ਦਵੈਤ
ਸਾੜਾ



There are two separate realms in this creation:-

1 The spiritual Realm (plane): In this plane divine virtues like:-

divine illumination
truth
word (shabadh)
hukam (command)
Naam
love
affection of the innate divine self within
purity
divine hue (colour)
supreme comfort
eternal well being
peace
calmness

are inherently present.

2 Materialistic Mental Realm: In this realm:-

darkness of ignorance
doubt fallacy of egotism
low tendencies
hurricane of lust
fire of anger
waves of greed
love of attachment
in the strangle hold of me-mine ness
selfishness
jealousy
duality
resentment

ਕੁਲਝਣਾਂ
ਅਸ਼ਾਂਤੀ
ਦੁਖ
ਕਲੇਸ਼

**ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ ।**

ਗੁਰਬਾਣੀ ਵਿਚ, ਜਿਸ ਨੂੰ '**ਅੱਗ**' ਕਿਹਾ ਗਿਆ ਹੈ—ਉਹ ਮਾਇਕੀ ਮੰਡਲ ਦੇ ਅਸੁਰ। ਅਉਗੁਣਾਂ ਦੇ ਲਾਏ ਹੋਏ '**ਭਾਂਬੜ**' **ਹਨ** । ਅਸੀਂ ਆਪਣੇ ਮਨ ਅੰਦਰ—**ਆਪੇ ਅੱਗ ਦਾ ਭਾਂਬੜ ਮਚਾ ਕੇ, ਆਪੇ ਹੀ ਸੜੀ-ਬਲੀ ਜਾਂਦੇ ਹਾਂ ।**

ਗੁਰਬਾਣੀ ਵਿਚ ਸਾਡੀ ਇਸ ਤਰਸਯੋਗ ਹਾਲਤ ਨੂੰ ਇਉਂ ਦਰਸਾਇਆ ਹੈ—

ਜੀਅੜਾ ਅਗਨਿ ਬਰਾਬਰਿ ਤਪੈ ਭੀਤਰਿ ਵਗੈ ਕਾਤੀ ॥
ਪ੍ਰਣਵਤਿ ਨਾਨਕੁ ਹੁਕਮੁ ਪਛਾਣੈ ਸੁਖੁ ਹੋਵੈ ਦਿਨੁ ਰਾਤੀ ॥ (ਪੰਨਾ-156)

ਅੰਤਰਿ ਅਗਨਿ ਬਾਹਰਿ ਤਨੁ ਸੁਆਹ ॥
ਗਲਿ ਪਾਥਰ ਕੈਸੇ ਤਰੈ ਅਥਾਹ ॥ (ਪੰਨਾ-267)

ਜਿਹ ਪਾਵਕ ਸੁਰਿ ਨਰ ਹੈ ਜਾਰੇ ॥
ਰਾਮ ਉਦਕਿ ਜਨ ਜਲਤ ਉਬਾਰੇ ॥ (ਪੰਨਾ-323)

ਸਰੀਰੁ ਜਲਉ ਗੁਣ ਬਾਹਰਾ ਜੋ ਗੁਰ ਕਾਰ ਨ ਕਮਾਇ ॥
ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-651)

ਕਿਉ ਸਿਮਰੀ ਸਿਵਰਿਆ ਨਹੀ ਜਾਇ ॥
ਤਪੈ ਹਿਆਉ ਜੀਅੜਾ ਬਿਲਲਾਇ ॥ (ਪੰਨਾ-661)

ਜੀਉ ਤਪਤੁ ਹੈ ਬਾਰੋਬਾਰ ॥
ਤਪਿ ਤਪਿ ਖਪੈ ਬਹੁਤੁ ਬੇਕਾਰ ॥
ਜੈ ਤਨਿ ਬਾਣੀ ਵਿਸਰਿ ਜਾਇ ॥
ਜਿਉ ਪਕਾ ਰੋਗੀ ਵਿਲਲਾਇ ॥ (ਪੰਨਾ-661)

ਅੰਤਰਿ ਅਗਨਿ ਜਲੈ ਭੜਕਾਰੇ ॥
ਮਨਮੁਖੁ ਤਕੇ ਕੁੰਡਾ ਚਾਰੇ ॥ (ਪੰਨਾ-1022)

ਫਰੀਦਾ ਮੈ ਜਾਨਿਆ ਦੁਖੁ ਮੁਝ ਕੂ ਦੁਖੁ ਸਬਾਇਐ ਜਗਿ ॥
ਊਚੇ ਚੜਿ ਕੈ ਦੇਖਿਆ ਤਾਂ ਘਰਿ ਘਰਿ ਏਹਾ ਅਗਿ ॥ (ਪੰਨਾ-1382)

ਰੰਗਿ ਨ ਰਾਤਾ ਰਸਿ ਨਹੀ ਮਾਤਾ ॥
ਬਿਨੁ ਗੁਰ ਸਬਦੈ ਜਲਿ ਬਲਿ ਤਾਤਾ ॥ (ਪੰਨਾ-945)



shamelessness
restlessness
misery
conflict

reign supreme.

The term 'fire' in Gurbani refers to the 'flames' created by demonic vices in the materialistic world. We, within our own mind are burning in the conflagration (huge fire) which we ourselves have ignited.

This is how Gurbani depicts our pitiful state:-

1 My soul is burning like fire, and the knife is cutting deep.
Prays Nanak, recognizing the Lord's Command, I am at peace, day and night. 156

2 The fire of desire rages within; outwardly they apply ashes to their bodies.
There is a stone around their neck - how can they cross the unfathomable ocean? 267

3 That fire has consumed angels and mortal beings,
but the Water of the Lord's Name saves His humble servants from burning. 323

4 That body burns, which has no virtue, and which does not serve the Guru.
I have seen that the world is burning, in egotism and the love of duality. 651

5 How can I remember the Lord in meditation? I cannot meditate on Him in remembrance. My heart is burning, and my soul is crying out in pain. 661

6 My soul burns, over and over again.
Burning and burning, it is ruined, and it falls into evil.
That body, which forgets the Word of the Guru's Bani,
cries out in pain, like a chronic patient. 661

7 The great fire of desire blazes within her.
The self-willed manmukh looks around in the four directions. 1022

8 Fareed, I thought that I was in trouble; the whole world is in trouble!
When I climbed the hill and looked around, I saw this fire in each and every home. 1382

9 If one is not imbued with the Lord's Love, nor intoxicated with His subtle essence,
without the Word of the Guru's Shabad, he is frustrated, and consumed by his own inner fire. 945

ਪਰ ਸਾਨੂੰ ਆਪਣੀ ਤਰਸਯੋਗ ਹਾਲਤ ਦੀ ਬਾਬਤ :—

**ਪਤਾ ਹੀ ਨਹੀਂ**
**ਅਹਿਸਾਸ ਹੀ ਨਹੀਂ**
**ਸੋਝੀ ਹੀ ਨਹੀਂ**
ਸਮਝ ਹੀ ਨਹੀਂ
ਗਿਆਨ ਹੀ ਨਹੀਂ ।

ਇਸ ਤਰ੍ਹਾਂ ਆਪਣੀ ਅਗਿਆਨਤਾ ਨਾਲ, ਇਸ ਗੁੱਝੀ **ਅੰਦਰਲੀ** ਮਾਨਸਿਕ 'ਅੱਗ' ਵਿਚ ਪਲ-ਪਲ, ਦਿਨ-ਰਾਤ, ਸਾਰੀ ਉਮਰ, **ਗੋਹੇ ਦੀ ਅੱਗ ਵਾਂਗ**, ਅਸੀਂ ਆਪ ਭੀ—

ਧੁੱਖਦੇ
ਸੜਦੇ
ਬਲਦੇ
ਕੁਲਝਦੇ
ਦੁਖੀ ਹੁੰਦੇ

ਹੋਏ, **ਨਰਕ ਭੋਗਦੇ ਹਾਂ**, ਅਤੇ ਆਪਣੇ ਨਾਲ ਦੇ ਸੰਗੀਆਂ, ਸਾਥੀਆਂ ਨੂੰ ਭੀ ਇਸੇ ਗੁਝੀ ਅੱਗ ਦੀ **'ਚੁਆਤੀ' ਲਾਈ ਜਾਂਦੇ ਹਾਂ ।**

ਪੜਿ ਪੰਡਿਤੁ ਅਵਰਾ ਸਮਝਾਏ ॥
ਘਰਿ ਜਲਤੇ ਕੀ ਖਬਰਿ ਨ ਪਾਏ ॥ (ਪੰਨਾ-1046)

ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ ॥ (ਪੰਨਾ-1378)

ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੁ ਮੂਰਖੁ ਅਗਿ ਬੁਝਾਵੈ । (ਵਾ.ਭਾ. ਗੁ. 15/9)

ਚਿਤਵਣੀਆ ਲਖ ਰਾਤਿ ਦਿਹੁ ਤ੍ਰਾਸ ਨ ਤ੍ਰਿਸਨਾ ਅਗਨਿ ਬੁਝਾਏ ।
ਸੋਇਨਾ ਰੁਪਾ ਅਗਲਾ ਮਾਣਕ ਮੋਤੀ ਅੰਗਿ ਹੰਢਾਏ ।
ਪਾਟ ਪਟੰਬਰ ਪੈਨ੍ਹ ਕੇ ਚੋਆ ਚੰਦਨ ਮਹ ਮਹਕਾਏ ।
ਹਾਥੀ ਘੋੜੇ ਪਾਖਰੇ ਮਹਲ ਬਗੀਚੇ ਸੁਫਲ ਫਲਾਏ ।
ਸੁੰਦਰ ਨਾਰੀ ਸੇਜ ਸੁਖ ਮਾਇਆ ਮੋਹਿ ਧੋਹਿ ਲਪਟਾਏ ।
ਬਲਦੀ ਅੰਦਰਿ ਤੇਲ ਜਿਉ ਆਸਾ ਮਨਸਾ ਦੁਖਿ ਵਿਹਾਏ ।
ਗੁਰ ਪੂਰੇ ਵਿਣੁ ਜਮਪੁਰਿ ਜਾਇ ॥ (ਵਾ. ਭਾ. ਗੁ. 15/14)



But we,
do not even know
do not even feel
are not even aware
have no understanding
have no knowledge

about our pitiful state of affairs.

In this way, in our ignorance we continue to

simmer
burn
smolder
boil
suffer

and throughout our life, every second, day and night face hell in the invisible fire within like the (never ending) heat of a dung heap. In such a state we (unwittingly) ignite the spark of this invisible 'fire' in our companions and friends as well.

1 *The Pandit, the religious scholar, reads and instructs others,*
*but he does not realize that his own home is on fire.* *1046*

2 *I know nothing; I understand nothing. The world is a smouldering fire.* *1378*

3 *Hopes and desires always attract his mind and being guided by evil propensities he never attains peace.*
*How can a manmukh extinguish fire by putting oil on it?* *Bh Gur 15/9*

4 *Many hopes and disappointments scare man day in and day out and the fire of desires is never quenched.*
*Plenty of gold, wealth, rubies and pearls are worn by man and he further wearing beautiful silken garments scatters around the fragrance of sandal etc.*
*Man keeps elephants, horses, palaces, and fruit ladden gardens.*
*Enjoying the pleasure-giving bed along with beautiful women, he remains engrossed in many deceptions and infatuations.*
*They all are fuels to the fire and man spends life in the sufferings of hopes and desires.*
*He has to reach the abode of Yama (couriers of death ) if he remains without the perfect Guru.* *Bh Gur 15/14*

ਹੈਰਾਨੀ ਵਾਲੀ ਗੱਲ ਤਾਂ ਇਹ ਹੈ, ਕਿ ਸਾਡਾ ਮਨੂਰ ਹੋਇਆ ਮਨ—ਇਹ ਮੰਨਣ ਨੂੰ ਤਿਆਰ ਹੀ ਨਹੀਂ ਕਿ ਸਾਡੇ ਅੰਦਰ ਭੀ ਕੋਈ ਗੁੱਝੀ ਅੱਗ ਦੀ ਚੰਗਿਆੜੀ ਹੈ, ਜੋ ਹਿਰਦੇ ਅੰਦਰ ਸਦੀਵੀ, ਧੁਖਦੀ ਤੇ ਭਖਦੀ ਰਹਿੰਦੀ ਹੈ !!

ਉਤੋਂ ਤਾਂ ਅਸੀਂ ਬੜੇ ਬੀਬੇ, ਸੁਸ਼ੀਲ ਅਤੇ 'ਭਲੇ-ਭਲੇਰੇ'(civilized and refinded) ਬਣੇ ਫਿਰਦੇ ਹਾਂ—ਪਰ ਸਾਡੇ ਧੁਰ ਅੰਦਰ, ਮਨ ਦੀਆਂ ਡੂੰਘਿਆਈਆਂ ਵਿਚ, 'ਮਾਨਸਿਕ ਅੱਗ' ਦੀਆਂ ਕਈ ਭਾਅ ਦੀਆਂ ਗੁੱਝੀਆਂ ਨੀਵੀਆਂ ਰੁਚੀਆਂ ਦੇ ਅੰਸ਼ ਯਾ ਮਲੀਨ ਭਾਵਨਾਵਾਂ, ਜਿਹਾ ਕਿ :—

ਈਰਖਾ

ਦਵੈਤ

ਸਾੜਾ

ਕੁਲਝਨਾਂ

ਕਾਮ

ਕ੍ਰੋਧ

ਲੋਭ

ਮੋਹ

ਹੰਕਾਰ

ਆਦਿ, ਗੋਹੇ ਦੀ ਅੱਗ ਵਾਂਗ ਅੰਦਰੇ-ਅੰਦਰ ਗੁੱਝੇ ਤੌਰ ਤੇ ਧੁਖਦੀਆਂ ਰਹਿੰਦੀਆਂ ਹਨ। ਜਿਉਂ-ਜਿਉਂ ਅਸੀਂ ਇਹਨਾਂ ਮਲੀਨ ਭਾਵਨਾਵਾਂ ਨੂੰ ਮੁੜ-ਮੁੜ ਯਾਦ ਕਰਦੇ ਹਾਂ— ਤਿਉਂ-ਤਿਉਂ, ਇਹਨਾਂ ਦੀ ਅੱਗ ਭਖਦੀ ਜਾਂਦੀ ਹੈ, ਅਤੇ ਸਹਿਜੇ ਸਹਿਜੇ ਜਵਾਲਾ-ਮੁਖੀ ਵਾਂਗ ਜ਼ਬਰਦਸਤ ਭਾਂਬੜ ਬਣ ਕੇ ਫੁਟਦਾ ਹੈ, ਜਿਸ ਦੇ ਲਾਵੇ (lava) ਨਾਲ ਅਤਿਅੰਤ ਤਬਾਹੀ ਹੁੰਦੀ ਹੈ।

ਜਦ ਕਦੇ ਇਹਨਾਂ ਗੁੱਝੀਆਂ ਭਾਵੁਕ ਚੰਗਿਆੜੀਆਂ ਨੂੰ ਬਾਹਰਲੀ ਉਕਸਾਹਟ ਦੀ ਹਵਾ (exciting cause) ਲਗਦੀ ਹੈ ਤਾਂ ਇਹ ਚੰਗਿਆੜੀਆਂ ਮੱਘ ਕੇ ਭਾਂਬੜ ਬਣ ਜਾਂਦੀਆਂ ਹਨ, ਜਿਸ ਨਾਲ ਸਾਡਾ ਮਨ-ਤਨ ਸੜ ਜਾਂਦਾ ਹੈ।

ਇਸ ਤਰ੍ਹਾਂ ਆਪੂੰ ਲਾਏ ਹੋਏ ਭਾਂਬੜ ਦੀਆਂ ਲਾਟਾਂ ਨਾਲ ਅਸੀਂ ਇਕ ਦੂਜੇ ਨੂੰ ਸਾੜੀ ਜਾਂਦੇ ਹਾਂ ।

ਜਦ ਅਸੀਂ ਇਸ ਤਰ੍ਹਾਂ ਸੜ-ਬਲ ਕੇ ਨਿਢਾਲ ਤੇ ਬੇ-ਬੱਸ ਹੋ ਜਾਂਦੇ ਹਾਂ, ਤਦ ਹੀ ਮੰਨਦੇ ਹਾਂ ਕਿ ਸਾਡੇ ਅੰਦਰ ਸਣ-ਕੱਪੜੀਂ ਅੱਗ ਲੱਗ ਗਈ ਹੈ। ਪਰ ਇਹ ਢੀਠ ਮਨ-ਛੇਤੀ ਹੀ ਸਭ ਕੁਝ ਭੁਲ ਜਾਂਦਾ ਹੈ, ਅਤੇ ਫੇਰ ਆਪੂੰ ਮਚਾਏ ਹੋਏ ਭਾਂਬੜ ਵਿਚੋਂ, ਬਾਕੀ ਮੱਘਦੇ



The surprising thing is that our mind, which has turned into 'slag', is not ready to believe or accept that there is this glowing splint of invisible fire within us which is forever simmering and smouldering within our hearts.

Outwardly we appear very virtuous, civilized and refined – but in the deepest recesses of our mind are present a variety of invisible base tendencies or sinful desires like:-

jealousy

duality

envy

irritation

lust

anger

greed

attachment

self conceit

etc. which like the (self sustaining) heat of the sung heap keeps simmering without our knowledge. As the mind keeps recalling again and again these low tendencies (this very action of recalling) fuels this simmering fire and, by and by, like a volcano it become so huge that it explodes causing the lava (the after effects) to inflict massive destruction.

When these hidden glowing splints of desires make a contact with some external cause, they burst into a conflagration (huge fire) that burns our mind and body.

In this way we keep burning each other by these flames of fire which we ourselves have ignited.

When we become powerless and helpless after being burnt in this way, only then we accept the fact that the fire has consumed us totally. But this stubborn mind forgets everything easily. After the self inflicted conflagration

ਅੰਗਿਆਰੇ ਇਕੱਠੇ ਕਰ ਕੇ, ਆਪਣੀ ਹੀ ਮਾਨਸਿਕ ਸੁਆਹ ਵਿਚ, ਦੱਬ ਕੇ ਸਾਂਭ ਰਖਦਾ ਹੈ।

ਇਸ ਤਰ੍ਹਾਂ ਅਸੀਂ ਆਪ ਹੀ-ਆਪਣਾ ਅਮੋਲਕ ਜੀਵਨ **ਤਬਾਹ ਕਰ ਰਹੇ ਹਾਂ**।

ਦੂਜੇ ਲਫ਼ਜ਼ਾਂ ਵਿਚ, ਅਸੀਂ ਸਾਰਿਆਂ ਨੇ **ਰਲ-ਮਿਲ** ਕੇ ਸਮੁੱਚੇ ਤੌਰ ਤੇ, **ਸਾਰੇ ਸੰਸਾਰ ਨੂੰ** ਇਹ ਅਤਿ ਹਾਨੀਕਾਰਕ, ਦੁਖਦਾਈ, ਗੁੱਝੀ ਮਾਨਸਿਕ **'ਅੱਗ' ਲਾਈ ਹੋਈ ਹੈ**, ਜਿਸ ਵਿਚ **ਸਾਰੀ ਲੁਕਾਈ ਗੁਝੇ ਭਾਹਿ, 'ਸੜ-ਬਲ' ਰਹੀ ਹੈ।**

ਇਸ ਗੱਲ ਦੀ ਪੁਸ਼ਟੀ, ਗੁਰਬਾਣੀ ਇਉਂ ਕਰਦੀ ਹੈ—

ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ ॥ (ਪੰਨਾ-673)

ਅਗਨਿ ਕੁਟੰਬ ਸਾਗਰ ਸੰਸਾਰ ॥
ਭਰਮ ਮੋਹ ਅਗਿਆਨ ਅੰਧਾਰ ॥ (ਪੰਨਾ-675)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੇ ਸਬਦਿ ਵੀਚਾਰੇ ॥ (ਪੰਨਾ-1049)

ਪਾਪੀ ਕਾ ਘਰੁ ਅਗਨੇ ਮਾਹਿ ॥
ਜਲਤ ਰਹੈ ਮਿਟਵੈ ਕਬ ਨਾਹਿ ॥ (ਪੰਨਾ-1165)

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-1291)

ਮਨਮੁਖ ਬੋਲੇ ਅੰਧੁਲੇ ਤਿਸੁ ਮਹਿ ਅਗਨੀ ਕਾ ਵਾਸੁ ॥ (ਪੰਨਾ-1415)

ਨਿਰਵੈਰੈ ਨਾਲਿ ਵੈਰੁ ਰਚਾਇਦਾ ਅਪਣੈ ਘਰਿ ਲੂਕੀ ਲਾਇ ॥
ਅੰਤਰਿ ਕ੍ਰੋਧੁ ਅਹੰਕਾਰੁ ਹੈ ਅਨਦਿਨੁ ਜਲੈ ਸਦਾ ਦੁਖੁ ਪਾਇ ॥ (ਪੰਨਾ-1415)

ਇਹੁ ਜਗੁ ਜਲਤਾ ਨਦਰੀ ਆਇਆ ਗੁਰ ਕੈ ਸਬਦਿ ਸੁਭਾਇ ॥ (ਪੰਨਾ-643)

ਸਿਵ ਬਿਰੰਚ ਅਰੁ ਇੰਦ੍ਰ ਲੋਕ ਤਾ ਮਹਿ ਜਲਤੌ ਫਿਰਿਆ ॥ (ਪੰਨਾ-1219)

ਸਿਵ ਬਿਰੰਚਿ ਅਸੁਰ ਸੁਰ ਜੇਤੇ ਕਾਲ ਅਗਨਿ ਮਹਿ ਜਰਤੇ ॥ (ਪੰਨਾ-1267)

ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ ॥ (ਵਾ.ਭਾ.ਗੁ 1/24)

'ਅੱਗ' ਇਕ 'ਤੱਤ' ਹੈ ਪਰ ਲੱਕੜ, ਕੋਲੇ, ਬਿਜਲੀ, ਗੈਸ ਆਦਿ ਦੀਆਂ ਲਾਟਾਂ ਦੇ ਪ੍ਰਕਾਸ਼ ਅਤੇ ਪ੍ਰਗਟਾਵੇ ਵਿਚ **ਭਿੰਨਤਾ ਹੈ**। ਇਸੇ ਤਰ੍ਹਾਂ ਸਾਡੇ ਅੰਦਰ ਇਹ ਗੁੱਝੀ 'ਮਾਨਸਿਕ ਅੱਗ' ਤਾਂ ਇਕੋ ਹੈ, ਪਰ ਸਾਡੇ ਮਨ ਦੀਆਂ **ਵਾਸ਼ਨਾਵਾਂ**-ਯਾਨਿ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਈਰਖਾ, ਦਵੈਤ ਦੀਆਂ ਭਾਵਨਾਵਾਂ ਅਨੁਸਾਰ—ਇਸ ਗੁੱਝੀ ਅੱਗ ਦੀ ਪ੍ਰਵਿਰਤੀ, ਪ੍ਰਕਿਰਤੀ, ਪ੍ਰਕਾਸ਼ ਅਤੇ



we re-collect the simmering splinters and safely bury them in the ashes of our mental selves (or hard disk).

In this way we ourselves are responsible for destroying our precious lives.

In other words all of us as a whole have set this destructive, painful, invisible mental 'fire' to the entire world in which the entire mankind is 'simmering and burning' without us being aware of it.

Gurbani supports this point as follows:-

1 The world is being consumed by this hidden fire, but Maya does not cling to the Lord's devotees. 673

2 Family and worldly affairs are an ocean of fire.
Through doubt, emotional attachment and ignorance, we are enveloped in darkness. 675

3 The world is burning in the fire of Maya.
The Gurmukh extinguishes this fire, by contemplating the Shabad. 1049

4 The home of the sinner is on fire.
It keeps burning, and the fire cannot be extinguished. 1165

5 The world is on fire; the Name of the Lord is cooling and soothing. 1291

6 The self-willed manmukhs are deaf and blind; they are filled with the fire of desire. 1415

7 Whoever directs hatred against the Guru, who has no hatred at all, only sets his own home on fire.
Anger and egotism are within him night and day; he burns, and suffers constant pain 1415

8 This world is burning; through the Sublime Word of the Guru's Shabad, this comes to be seen. 643

9 In the worlds of Shiva, Brahma and Indra, I wandered around, burning up with envy. 1219

10 Shiva, Brahma, angels and demons, all burn in the fire of death. 1267

11 In his meditation Baba (Nanak) found the whole world burning (in the fire of lust and anger) Bh Gurdas 1/24

Fire is an element. But there is a difference in the illumination and manifestation of the flames produced by wood, coal, electricity, gas etc. In the same way this internal invisible (mental fire) is the same in everyone, but the desires of our mind that gives rise to the invisible fire of greed, attachment, egotism, jealousy duality produce worldly effects, illuminations and

ਪ੍ਰਗਟਾਵਾ ਭਿੰਨ-ਭਿੰਨ ਹੁੰਦਾ ਹੈ ।

ਯਾਦ ਰੱਖਣ ਵਾਲੀ ਜ਼ਰੂਰੀ ਗੱਲ ਇਹ ਹੈ ਕਿ, ਜਿਸ ਤਰ੍ਹਾਂ 'ਚਾਨਣ' ਵਿਚ ਹਨੇਰੇ ਦੀ ਅਣਹੋਂਦ ਹੈ, ਅਤੇ ਚੰਦ ਦੇ ਠੰਢੇ ਪ੍ਰਕਾਸ਼ ਵਿਚ ਗਰਮੀ ਨਹੀਂ ਹੋ ਸਕਦੀ-ਉਸੇ ਤਰ੍ਹਾਂ ਆਤਮਿਕ ਮੰਡਲ ਦੇ ਠੰਢੇ ਪ੍ਰਕਾਸ਼ ਵਿਚ 'ਮਾਨਸਿਕ ਅੱਗ' ਦਾ ਸੇਕ ਨਹੀਂ ਹੋ ਸਕਦਾ ।

ਇਹ 'ਮਾਨਸਿਕ ਅੱਗ' ਸਿਰਫ਼ ਮਾਇਕੀ ਮੰਡਲ ਦੇ ਦਾਇਰੇ ਤਾਂਈ ਸੀਮਤ ਹੈ ।

ਆਤਸ ਦੁਨੀਆ ਖੁਨਕ ਨਾਮੁ ਖੁਦਾਇਆ ॥ (ਪੰਨਾ-1291)

ਇਸ 'ਮਾਇਕੀ ਮੰਡਲ ਦੀ ਭੀ ਆਪਣੀ ਕੋਈ ਹਸਤੀ ਨਹੀਂ ਹੈ । ਇਸ ਦੀ ਹੋਂਦ ਸਿਰਫ਼ ਸਾਡੇ ਮਨ ਦੇ ਭਰਮ-ਭੁਲਾਵੇ ਦੀਆਂ ਕਲਪਨਾ ਅਤੇ ਭਾਵਨਾਵਾਂ ਉਤੇ ਹੀ ਅਧਾਰਤ ਹੈ ।

ਇਸੇ ਕਰਕੇ ਗੁਰਬਾਣੀ ਵਿਚ ਮਾਇਆ ਨੂੰ 'ਮਾਨਸਿਕ ਅੱਗ ਦੀ ਤੁਲਨਾ ਦਿਤੀ ਗਈ ਹੈ :—

ਜੈਸੀ ਅਗਨਿ ਉਦਰ ਮਹਿ ਤੈਸੀ ਬਾਹਰਿ ਮਾਇਆ ॥
ਮਾਇਆ ਅਗਨਿ ਸਭ ਇਕੋ ਜੇਹੀ ਕਰਤੈ ਖੇਲੁ ਰਚਾਇਆ ॥ (ਪੰਨਾ-921)

ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰੁ ਨਾਹਿ ॥
ਅਨਦਿਨੁ ਜਲਤ ਰਹਹਿ ਦਿਨੁ ਰਾਤੀ ਹਉਮੈ ਖਪਹਿ ਖਪਾਹਿ ॥ (ਪੰਨਾ-652)

ਸਾਕਤ ਮੂੜ ਮਾਇਆ ਕੇ ਬਧਿਕ ਵਿਚਿ ਮਾਇਆ ਫਿਰਹਿ ਫਿਰੰਦੇ ॥
ਤ੍ਰਿਸਨਾ ਜਲਤ ਕਿਰਤ ਕੇ ਬਾਧੇ ਜਿਉ ਤੇਲੀ ਬਲਦ ਭਵੰਦੇ ॥ (ਪੰਨਾ-800)

ਮਾਇਆ ਮੋਹੁ ਅੰਧੁ ਅੰਧਾਰਾ ॥
ਹਉਮੈ ਮੇਰਾ ਪਸਰਿਆ ਪਾਸਾਰਾ ॥
ਅਨਦਿਨੁ ਜਲਤ ਜਲਤ ਰਹੈ ਦਿਨੁ ਰਾਤੀ ਗੁਰ ਬਿਨੁ ਸਾਂਤਿ ਨ ਹੋਈ ਹੇ ॥(ਪੰਨਾ-1045)

ਮਾਇਆ ਅਗਨਿ ਜਲੈ ਸੰਸਾਰੇ ॥
ਗੁਰਮੁਖਿ ਨਿਵਾਰੇ ਸਬਦਿ ਵੀਚਾਰੇ । (ਪੰਨਾ-1049)

ਸਾਡਾ ਮਨ, ਮਾਇਕੀ ਭਰਮ-ਭੁਲਾਵੇ ਵਿਚ, ਆਪਣੇ ਅੰਤਰ-ਆਤਮੇ ਦੇ 'ਨਿਜ ਘਰ' ਅਥਵਾ ਸਥਿਰ ਮੰਡਲ ਵਿਚੋਂ ਨਿਕਲ ਕੇ ਨੀਵੀਆਂ ਵਾਸ਼ਨਾਵਾਂ ਦੇ ਅਧੀਨ ਹਉਮੈਂ ਦੇ ਜਬਰਦਸਤ ਮਾਇਕੀ 'ਵਾ-ਵਰੋਲੇ' (whirl wind) ਵਿਚ ਫਸਿਆ ਹੋਇਆ ਹੈ । ਇਸ ਤਰਾਂ ਸਾਡਾ ਸਾਰਾ ਜੀਵਨ 'ਹਉਮੈ' ਦੇ 'ਧੁਰੇ' ਉਦਾਲੇ ਦਿਨ-ਰਾਤ, ਅੰਨੇ-ਵਾਹ, ਬੇ-ਤਿਹਾਸ਼ਾ ਘੁੰਮਦਾ ਰਹਿੰਦਾ ਹੈ ।



manifestations which are never the same.

It is important to remember that just as there is an absence of darkness in light and heat has not place in the cool illumination of the moon, in the same way the heat of the 'mental fire' cannot exist in the cool illumination of the Divine Realm.

This 'mental fire' is limited to the materialistic sphere.

1 The world is on fire; the Name of the Lord is cooling and soothing. 1291

This 'materialistic realm' has no separate existence of its own. Its presence depends entirely on the imagination and desires of or mind's doubt fallacies.

This is why in Gurbani 'mental fire' has been equated with materialism:-

2 *As is the fire within the womb, so is Maya outside.*
*The fire of Maya is one and the same; the Creator has staged this play.* 921

3 *The self-willed manmukhs are engrossed in emotional attachment to Maya; in the love of duality, their minds are unsteady.*
*Night and day, they are burning; day and night, they are totally ruined by their egotism.* 652

4 *The foolish faithless cynics are held captive by Maya; in Maya, they continue wandering, wandering around.*
*Burnt by desire, and bound by the karma of their past actions, they go round and round, like the ox at the mill press.* 800

5 *Love and attachment to Maya are utter darkness.*
*Egotism and possessiveness have spread throughout the expanse of the universe.*
*Night and day, they burn, day and night; without the Guru, there is no peace or tranquility.* 1049

6 *The world is burning in the fire of Maya.*
*The Gurmukh extinguishes this fire, by contemplating the Shabad.* 1049

Our mind, trapped in the doubt fallacy of worldliness, has come out of his 'real home' or stable realm and under the influence of low tendencies and desires, it has got stuck in the might materialistic whirl wind of egotism .blindly – going round and round the 'pillar' of egotism

ਇਹ ਸਭ ਕੁਝ-ਸਾਡੇ ਮਨ ਦੇ **'ਭਰਮ'** **ਦਾ ਹੀ ਨਤੀਜਾ ਹੈ** ਜਿਸ ਕਰਕੇ ਸਾਰੇ ਸੰਸਾਰ ਵਿਚ **'ਹਉਮੈ', 'ਮੈਂ-ਮੇਰੀ'** ਦਾ ਹੀ ਬੋਲ-ਬਾਲਾ ਅਤੇ ਵਰਤ-ਵਰਤਾਰਾ ਹੈ।

ਹਰ ਇਕ ਜੀਵ ਦੀ **'ਹਉਮੈ'** **ਅਥਵਾ** **'ਮੈਂ-ਮੇਰੀ'** **ਦੀ ਅੱਡ ਅੱਡ ਹਸਤੀ** ਹੋਣ ਕਾਰਨ ਇਹ ਇਕ ਦੂਜੇ ਨਾਲ **ਟਕਰਾਉਂਦੇ ਰਹਿੰਦੇ ਹਨ**। ਜਿਸ ਵਿਚੋਂ :—

ਖ਼ੁਦ-ਗਰਜ਼ੀ
ਖੋਹਾ-ਖਾਹੀ
ਠੱਗੀ-ਠੋਰੀ
ਕਾਲਾ ਬਾਜ਼ਾਰੀ (black marketing)
ਤਸਕਰੀ (smugling)
ਚੋਰੀ
ਯਾਰੀ
ਈਰਖਾ
ਦਵੈਤ
ਘਿਰਨਾ
ਸਾੜਾ
ਵੈਰ
ਵਿਰੋਧ
ਝਗੜੇ
ਲੜਾਈਆਂ
ਜ਼ੁਲਮ

ਆਦਿ ਦੀਆਂ **'ਲਾਟਾਂ' ਨਿਕਲਦੀਆਂ ਹਨ** ਜਿਸ ਨਾਲ **'ਜੀਵ' ਅੱਡ-ਅੱਡ, ਅਤੇ ਸਮੁਚੇ ਤੌਰ ਤੇ** ਸਾਰਾ ਸੰਸਾਰ ਜਲ, ਬਲ, ਸੜ ਰਿਹਾ ਹੈ।

ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥ (ਪੰਨਾ-643)

ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-651)

ਹਉਮੈ ਜਲਿਆ ਮਨਹੁ ਵਿਸਾਰੇ ।
ਜਮਪੁਰਿ ਵਜਹਿ ਖੜਗ ਕਰਾਰੇ ॥ (ਪੰਨਾ-993)

ਮਨਮੁਖ ਮੂੜ੍ਹ ਜਲਤ ਅਹੰਕਾਰੀ ਹਉਮੈ ਵਿਚਿ ਦੁਖੁ ਪਾਈ ॥......
ਕਾਮਿ ਕ੍ਰੋਧਿ ਡੂਬੇ ਅਭਿਮਾਨੀ ਹਉਮੈ ਵਿਚਿ ਜਲਿ ਜਾਈ ॥ (ਪੰਨਾ-1265)



All this is the result of mind's doubt fallacy which is why in the whole world 'egotism', 'me mine ness' is so predominant and widespread.

As every ones 'egotism' or 'me-mine ness' has its own separate identity clashes continue to take place between one another. In these clashes the flames of

self-centeredness
tugs and pulls
cheating
black marketing
smuggling
stealing
conniving
jealousy
duality
hatred
burning
enmity
confrontation
quarrels
fights
cruelty

etc. emerge thereby causing every individual as well as a whole the entire mankind to burn, simmer and fume.

1 *In the flames of egotism, he is burnt to death; he wanders in doubt and the love of duality.* 643

2 *I have seen that the world is burning, in egotism and the love of duality.* 651

3 *Burnt by egotism, one forgets the Lord from his mind.*
*In the City of Death, he is attacked with massive swords.* 993

4 *The foolish self-willed manmukh burns in the fire of egotistical pride; he suffers painfully in egotism........*
*In lustful desire and anger, the proud ones are drowned. They are burnt in their egotism.* 1265

**ਉਠੀ ਗਿਲਾਨਿ ਜਗਤ ਵਿਚਿ ਹਉਮੈ ਅੰਦਰਿ ਜਲੈ ਲੁਕਾਈ ।** (ਵਾ:ਭਾ:ਗੁ: 1/7)

ਅਕਾਲ ਪੁਰਖ ਦੀ ਹੋਂਦ **ਇਕ ਹੈ** । ਜਦ ਅਸੀਂ ਅਕਾਲ ਪੁਰਖ ਦੀ ਹਸਤੀ ਨੂੰ **'ਭੁੱਲ'** ਜਾਂਦੇ ਹਾਂ, ਤਾਂ ਸਾਡੇ ਮਨ ਉਤੇ **'ਭਰਮ' ਦਾ ਹਨੇਰਾ ਯਾ ਪੜਦਾ ਪੈ ਜਾਂਦਾ ਹੈ** ਅਤੇ ਸਾਨੂੰ ਆਪਣੀ **'ਅੱਡਰੀ ਹਸਤੀ' ਪ੍ਰਤੀਤ ਹੁੰਦੀ ਹੈ ।**

ਇਸੇ ਭਰਮ ਭੁਲਾਵੇ ਵਿਚ ਹੀ ਸਾਨੂੰ ਹੋਰ **ਅਨੇਕ ਅੱਡ-ਅੱਡ 'ਹਸਤੀਆਂ'** ਮਹਿਸੂਸ ਹੋਣ **ਲੱਗ ਪੈਂਦੀਆਂ ਹਨ ਜੋ** ਸਾਡੀ ਆਪਣੀ ਅੱਡਰੀ ਹਸਤੀ ਤੋਂ **ਵੱਖਰੀਆਂ ਅਤੇ ਓਪਰੀਆਂ ਲਗਦੀਆਂ ਹਨ ।** ਇਸ ਤਰ੍ਹਾਂ ਅਸੀਂ **ਇਕ ਤੋਂ ਅਨੇਕ ਹਸਤੀਆਂ ਬਣੇ ਫਿਰਦੇ ਹਾਂ !!**

ਇਨ੍ਹਾਂ ਅੱਡਰੀਆਂ ਹਸਤੀਆਂ ਦੇ 'ਭਰਮ-ਭੁਲੇਖੇ' ਨੂੰ ਹੀ, ਗੁਰਬਾਣੀ ਵਿਚ **'ਦੂਜਾ ਭਾਉ'** (duality) ਕਿਹਾ ਗਿਆ ਹੈ । ਇਸ **'ਦੂਜੇ ਭਾਉ' ਦਾ ਮੁਢਲਾ ਕਾਰਨ** ਸਾਡੀ ਆਪਣੀ **ਹਉਮੈ ਦੀ ਮੈਂ-ਮੇਰੀ ਹੀ ਹੈ ।**

ਇਸ ਲਈ ਜੋ **ਅਉਗੁਣ** 'ਹਉਮੈ' ਤੋਂ ਉਪਜਦੇ ਹਨ **ਉਹੋ ਆਉਗੁਣ** ਜਿਹਾ ਕਿ-ਈਰਖਾ, ਦਵੈਤ, ਵੈਰ, ਵਿਰੋਧ ਆਦਿ, **'ਦੂਜੇ ਭਾਉ' ਵਿਚ ਭੀ ਪ੍ਰਵਿਰਤ ਹਨ ।**

ਸਾਡੀ ਅੰਦਰਲੀ ਗੁੱਝੀ ਮਾਇਕੀ **'ਅੱਗ ਦੀ ਪ੍ਰਕਿਰਤੀ ਵਿਚ** ਹਉਮੈ ਦੇ ਨਾਲ-ਨਾਲ **'ਦੂਜੇ-ਭਾਉ' ਦੀ 'ਭਾਵਨਾ' ਭੀ ਪ੍ਰਵਿਰਤ ਹੈ ।**

**'ਹਉਮੈ'** ਅਤੇ **'ਦੂਜਾ ਭਾਉ'**—ਇਕੋ ਮਾਨਸਿਕ 'ਭਰਮ' ਦੇ, ਦੋ 'ਪੱਖ' ਹਨ **ਅਥਵਾ** ਇਕੋ ਸਿਕੇ ਦੇ ਦੋ ਪਾਸੇ ਹਨ ।

ਗੁਰਬਾਣੀ ਵਿਚ ਇਸ **'ਦੂਜੇ ਭਾਉ'** ਦੀ ਬਾਬਤ ਬਹੁਤ ਚਾਨਣਾ ਪਾਇਆ ਹੋਇਆ ਹੈ ।

ਇਥੇ, **'ਅੱਗ'** ਦੇ ਸਿਲਸਿਲੇ ਵਿਚ, ਗੁਰਬਾਣੀ ਦੀਆਂ ਕੁਝ ਪੰਗਤੀਆਂ ਦਿਤੀਆਂ ਜਾਂਦੀਆਂ ਹਨ :—

**ਹਉਮੈ ਜਲਤੇ ਜਲਿ ਮੁਏ ਭ੍ਰਮਿ ਆਏ ਦੂਜੈ ਭਾਇ ॥** (ਪੰਨਾ-643)

**ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥** (ਪੰਨਾ-651)

**ਮਨਮੁਖ ਮਾਇਆ ਮੋਹਿ ਵਿਆਪੇ ਦੂਜੈ ਭਾਇ ਮਨੂਆ ਥਿਰ ਨਾਹੀ ॥** (ਪੰਨਾ-652)

**ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥**
ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥ (ਪੰਨਾ-755)

**ਇਹ ਮਨੁ ਜਲਿਆ ਦੂਜੈ ਦੋਇ ॥** ਪੰਨਾ-1176)

ਪੰਜ ਮਾਨਸਿਕ ਵਾਸ਼ਨਾਵਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਵਿਚੋਂ **'ਤ੍ਰਿਸਨਾ'** ਆਮ ਰਵਿ-ਰਹੀ-ਭਰਪੂਰ ਹੈ, ਅਤੇ ਸਦੀਵੀ ਸਾਡੇ ਨਾਲ **'ਪਰੇਤ' ਵਾਂਗ ਚਿੰਬੜੀ ਰਹਿੰਦੀ ਹੈ ।**



1 Degeneration surfaced in the world and the whole of mankind burns in the fire of egotism. Bh Gur 1/7

The Infinite Being God has only one form. When we forget God, doubt fallacy's veil of darkness spreads over our mind and we begin to feel that we have a separate existence.

In this doubt fallacy we begin to feel the presence of numerous separate existences which appear to be different and strange. Thus from one we have created numerous other forms.

The doubt fallacy of these separate existences is the one which is referred to in Gurbani as 'dhoojaa bhao' duality. The principal cause of this duality is the 'me mine ness' of our own egotism.

This is why whatever vices that arise out of 'egotism', those vices like jealousy, you-me ness, enmity confrontation etc. are also present in duality.

In the existence of hidden internal materialistic fire, together with egotism, the belief or acceptance of duality is also present.

Egotism and 'duality' are the two facets of mental 'doubt fallacy' or the two sides of the same coin.

Lot of light has been thrown on 'duality' in Gurbani.

Given below are some quotations from Gurbani on the question of 'fire'.

1 *In the flames of egotism, he is burnt to death; he wanders in doubt and the love of duality.* 643

2 *I have seen that the world is burning, in egotism and the love of duality.* 651

3 *The self-willed manmukhs are engrossed in emotional attachment to Maya; in the love of duality, their minds are unsteady.* 652

4 *Those who forget the Word of the Guru's Shabad are engrossed in the love of duality.* 755

5 *This mind is burnt by duality and double-mindedness.* 1176

In the five mental passions lust, anger, greed, attachment and egotism, 'desire' is ever flourishing and forever it sticks to us like a 'demon'.

**'ਅੱਗ' ਦੇ ਭਾਂਬੜ ਵਿਚ** ਜਿਉਂ-ਜਿਉਂ ਹੋਰ ਲੱਕੜਾਂ ਪਾਈ ਜਾਈਏ, ਤਿਉਂ-ਤਿਉਂ ਇਹ **ਅਗਨੀ** ਦਾ ਭਾਂਬੜ ਵੱਧਦਾ ਜਾਂਦਾ **ਹੈ।**

ਇਸੇ ਤਰ੍ਹਾਂ ਜਿਉਂ-ਜਿਉਂ ਅਸੀਂ ਆਪਣੀਆਂ ਅੰਦਰਲੀਆਂ ਮਾਨਸਿਕ :—

ਖੁਆਹਿਸ਼ਾਂ
ਲੋੜਾਂ
ਰੀਝਾਂ
ਐਸ਼
ਫੈਸ਼ਨ
ਸੁਆਦ
ਵਾਸ਼ਨਾਵਾਂ
ਅਮਲ
ਆਦਤਾਂ

ਦੀ **ਪੂਰਤੀ ਕਰੀ ਜਾਂਦੇ ਹਾਂ** ਤਿਉਂ-ਤਿਉਂ ਇਹਨਾਂ ਤ੍ਰਿਸ਼ਨਾਵਾਂ ਦੀ **ਅੱਗ ਵਧਦੀ ਜਾਂਦੀ ਹੈ।** ਆਖਿਰ ਅਸੀਂ ਇਹਨਾਂ ਵਾਸ਼ਨਾਂਵਾਂ ਅਤੇ ਖੁਆਹਿਸ਼ਾਂ ਦੇ **ਗੁਲਾਮ ਬਣ ਜਾਂਦੇ ਹਾਂ।**

ਆਸਾ ਮਨਸਾ ਮੋਹਣੀ ਤਾਮਸੁ ਤਿਸਨਾ ਸਾਂਤਿ ਨ ਆਵੈ।
ਬਲਦੀ ਅੰਦਰਿ ਤੇਲੁ ਪਾਇ ਕਿਉ ਮਨੂ ਮੂਰਖੁ ਅਗਿ ਬੁਝਾਵੈ। (ਵਾ.ਭਾ.ਗੁ. 15/9)

ਸਾਰੀ ਉਮਰ ਅਸੀਂ ਇਹਨਾਂ ਲੋੜਾਂ ਯਾ **ਤ੍ਰਿਸ਼ਨਾ ਦੀ ਪੂਰਤੀ ਲਈ ਸਿਰ ਤੋੜ ਉੱਦਮ ਕਰਦੇ ਹਾਂ** ਪਰ ਫਿਰ **ਫਿਰ ਵੀ 'ਤ੍ਰਿਸ਼ਨਾ' ਦੀ ਅੱਗ ਨਹੀਂ ਬੁਝਦੀ।** ਜੇ **ਇਕ** ਖੁਆਹਿਸ਼ ਪੂਰੀ ਹੁੰਦੀ ਹੈ ਤਾ **ਚਾਰ ਹੋਰ ਖੜੀਆਂ ਹੋ ਜਾਂਦੀਆਂ ਹਨ** !! ਮਿਸਾਲ ਦੇ ਤੌਰ ਤੇ ਜੇ ਆਪਣੇ **'ਘਰ' ਦੀ ਰੀਝ ਪੂਰੀ ਹੋਈ,** ਤਾ ਉਸ ਨੂੰ :—

ਸਜਾਉਣ
ਫਬਾਉਣ
ਵਧੀਆ ਫਰਨੀਚਰ
ਵਧੀਆ ਪੜਦੇ
ਬਿਜਲੀ ਦੇ ਜੰਤਰ
ਰਸੋਈ ਦਾ ਸਾਮਾਨ
ਬੇਲ-ਬੂਟੇ
ਪੇਂਟਿੰਗ



In the flames of 'fire', as more and more wood is added, the flames of fire become even bigger.

In the same way as we continue to fulfill our internal mental:-

desires
needs
inclinations
pleasure
fashion
taste
delights
addictions
habits

the fire of these desires, continues to increase. Finally we end up by becoming the slaves of these delights and desires.

The pleasurable wants, needs and desires do not do not provide the peace and calm.
By putting oil in burning fire how can the foolish mind put out the fire?
Var Bh Gur 15/9

The whole of our life we spend labouring relentlessly to fulfill these needs and desires but still, the 'fire' of desire is not extinguished (or put out). If one desire is met, four more arise to take its place. As an example if our need for a 'house' is fulfilled then the need to:-

decorate
matching
best furniture
best curtains
electrical gadgets
kitchen equipment
creepers and plants
painting

ਆਦਿ ਦੀਆਂ ਹੋਰ ਅਨੇਕਾਂ ਰੀਝਾਂ ਅਤੇ ਲੋੜਾਂ ਉਪਜ ਪੈਂਦੀਆਂ ਹਨ ਜਿਨ੍ਹਾਂ ਦੀ **ਕੋਈ ਸੀਮਾ ਨਹੀਂ ਹੈ ।**

ਇਹਨਾਂ ਦੀ **ਪੂਰਤੀ ਲਈ** ਜਦ ਮਾਇਆ ਪੂਰੀ ਨਹੀਂ ਹੁੰਦੀ ਤਾਂ **ਹਰ ਜਾਇਜ਼-ਨਜਾਇਜ਼ ਤਰੀਕੇ** :—

ਰਿਸ਼ਵਤ
ਚੋਰੀ
ਕਾਲਾ ਬਾਜ਼ਾਰੀ (black marketing)
ਮਿਲਾਵਟ
ਤਸਕਰੀ (smugling)
ਡਾਕੇ

**ਆਦਿ ਕਰਨੇ ਪੈਂਦੇ ਹਨ ।**

ਇਸ ਜ਼ਮਾਨੇ ਵਿਚ ਤਾਂ ਸਾਡੀਆਂ ਲੋੜਾਂ, ਖ਼ੁਆਹਿਸ਼ਾਂ, ਰੀਝਾਂ, ਫੈਸ਼ਨ, ਡੀਜ਼ਾਈਨ **ਇਤਨੇ ਇਤਨੇ ਪ੍ਰਫੁਲਤ ਹੋ ਗਏ ਹਨ,** ਕਿ ਇਹਨਾਂ ਦੀ **ਪੂਰਤੀ ਲਈ** ਸਾਡੀ ਸਾਰੀ :—

ਮਾਇਆ
ਵਕਤ
ਧਿਆਨ
ਸਿਆਣਪ
ਤਾਕਤ

**ਖਰਚ ਹੋ ਰਹੀ ਹੈ** ਪਰ **ਫੇਰ ਭੀ ਕੋਈ ਨ ਕੋਈ 'ਕਸਰ' ਯਾ 'ਕਮੀ' ਰਹਿ ਹੀ ਜਾਂਦੀ ਹੈ !!** ਕਿਉਂਕਿ ਇਹਨਾਂ ਖ਼ੁਆਹਿਸ਼ਾਂ ਯਾ ਰੀਝਾਂ ਦਾ **ਕੋਈ ਅੰਤ ਹੀ ਨਹੀਂ !!**

ਇਸ ਤਰ੍ਹਾਂ ਆਪਣੀਆਂ **ਖ਼ੁਆਹਿਸ਼ਾਂ ਦੀ ਪੂਰਤੀ ਦੁਆਰਾ** ਆਪਣੀ ਤ੍ਰਿਸ਼ਨਾਂ ਦੇ ਭਾਂਬੜ ਵਿਚ **ਆਪ ਹੀ ਹੋਰ ਲੱਕੜਾਂ ਪਾ ਕੇ,** ਆਪਣੀ **ਮਾਨਸਿਕ ਅੱਗ ਨੂੰ ਹੋਰ ਤੇਜ ਕਰੀ ਜਾਂਦੇ ਹਾਂ !!**

**Desire is the root cause of all miseries**

ਇਥੇ ਹੀ ਬੱਸ ਨਹੀਂ—ਇਸੇ **ਤ੍ਰਿਸ਼ਨਾਂ ਦੀ ਅੱਗ** ਨਾਲ ਅਸੀਂ **ਆਪਣੇ ਮਨ ਨੂੰ** ਹੋਰ :-

ਸਾੜ
ਬਾਲ
ਭੁੰਨ ਕੇ—



and many more such needs and wants which have no limit, crop up.

When there is not enough money to fulfill these needs, then legal, illegal methods like:-

corruption
stealing
black marketing
connections
smuggling
robberies

are resorted to.

In these times our needs, desires, wants, fashion, design have increased to such an extent that all our:-

money
time
attention
intellect
energy

is spent on satisfying these needs but even then some 'lack', some 'shortcoming' still remains because there is no end to these needs or desires.

In this way, in the process of fulfilling our desires we ourselves are putting more and more wood into the 'fire' of our desires thus making the mental fire even stronger.

Desire is the root cause of all miseries.

As if this is not enough, with the fire of our desires, by

burning
blazing
roasting,

we are making our mind even more

ਮੈਲਾ
ਕਾਲਾ
ਮਟਰੋੜ
ਮਨੂਰ

**ਕਰੀ ਜਾਂਦੇ ਹਾਂ ।**

ਇਸ ਤਰਾਂ, ਅਸੀਂ ਦਿਨ ਰਾਤ '**ਤ੍ਰਿਸ਼ਨਾ ਅਗਨ ਸਾਗਰ**' ਵਿਚ ਸੜਦੇ, ਬਲਦੇ ਹੋਇ, ਗੁਰਬਾਣੀ ਦੇ ਇਲਾਹੀ ਉਪਦੇਸ਼ਾਂ ਅਤੇ ਆਤਮਿਕ ਭਾਵਨਾਵਾ ਤੋਂ :—

ਦੁਰੇਡੇ
ਬੇ-ਪ੍ਰਵਾਹ
ਬੇ-ਸਿਦਕੇ
ਬੇ-ਮੁੱਖ
ਮਨ-ਮੁਖ

**ਹੁੰਦੇ ਜਾਂਦੇ ਹਾਂ ।**

**ਇਸ ਤ੍ਰਿਸ਼ਨਾਂ ਦੇ ਅਧੀਨ ਹੀ :—**

ਨੀਵੇਂ ਖ਼ਿਆਲ ਉਪਜਦੇ ਹਨ ।
ਨੀਵੀਆਂ ਰੁਚੀਆਂ ਬਣਦੀਆਂ ਹਨ ।
ਨੀਵੀਆਂ ਵਿਉਂਤਾਂ ਘੜਦੇ ਹਾਂ ।
ਭੈੜੇ ਕਰਮ ਕਰਦੇ ਹਾਂ !
ਲੁੱਟ-ਖਸੁੱਟ ਕਰਦੇ ਹਾਂ ।
ਚੋਰੀ-ਯਾਰੀ ਕਰਦੇ ਹਾਂ ।
ਵੈਰ-ਵਿਰੋਧ ਮਚਾਉਂਦੇ ਹਾਂ ।
ਲੜਾਈਆਂ-ਝਗੜੇ ਸਹੇੜਦੇ ਹਾਂ ।
ਪਾਪ ਕਮਾਉਂਦੇ ਹਾਂ ।
ਜ਼ੁਲਮ ਕਰਦੇ ਹਾਂ ।
ਭੈੜੀਆਂ ਆਦਤਾਂ ਪਾਉਂਦੇ ਹਾਂ ।
ਨੀਵੇਂ ਆਚਰਨ ਬਣਦੇ ਹਨ ।
ਮੰਦੇ ਭਾਗ ਬਣਦੇ ਹਨ ।
ਜਮਾ ਦੇ ਵੱਸ ਪੈਂਦੇ ਹਾਂ ।
ਨਰਕ ਦੇ ਭਾਗੀ ਬਣਦੇ ਹਾਂ !



polluted
black
filthy (and)
rusty.

In this way day and night, burning and blistering in the 'ocean of desires' we keep moving away

further
unconcerned
faithless
withdraw
hijacked by the mind

from the spiritual teachings and divine inclinations of Gurbani.

Under the influence of these desires:-

low thought emerge.
lower tendencies arise.
base schemes are fashioned.
evil deeds are committed.
looting and pillaging takes place.
stealing and pinching goes on.
enmity and oppression takes place.
fights and quarrels are started.
vices are earned.
tyranny is perpetrated.
bad habits are developed.
low character comes into being.
bad luck is produced.
become victims of Jam – the couriers of death.
qualify for hell.

ਪਰ, ਫਿਰ ਵੀ ਸਾਨੂੰ 'ਤ੍ਰਿਸ਼ਨਾ ਦੀ ਅੱਗ' ਤੋਂ ਬਚਣ ਦਾ, ਯਾ ਇਸ ਨੂੰ ਘਟਾਉਣ ਦਾ ਕਦੇ **ਖਿਆਲ ਹੀ ਨਹੀਂ ਆਉਂਦਾ ਉਦਮ ਤਾਂ ਕੀ ਕਰਨਾ ਸੀ** !!!

ਗੁਰਬਾਣੀ ਸਾਨੂੰ ਇਸ **ਭਿਆਨਕ ਤ੍ਰਿਸ਼ਨਾ ਦੀ ਅਗਨੀ** ਦੀ ਬਾਬਤ ਇਉਂ ਤਾੜਨਾ ਕਰਦੀ ਹੈ :—

ਤ੍ਰਿਸਨਾ ਅਗਨਿ ਜਲੈ ਸੰਸਾਰਾ ॥
**ਜਲਿ ਜਲਿ ਖਪੈ ਬਹੁਤੁ ਵਿਕਾਰਾ ॥** (ਪੰਨਾ-1044)
ਅਗਿਆਨੁ ਤ੍ਰਿਸਨਾ ਇਸੁ ਤਨਹਿ ਜਲਾਏ ॥
ਤਿਸ ਦੀ ਬੂਝੈ ਜਿ ਗੁਰ ਸਬਦੁ ਕਮਾਏ ॥ (ਪੰਨਾ-1067)
ਦੁਬਿਧਾ ਮਨਮੁਖ ਰੋਗਿ ਵਿਆਪੇ ਤ੍ਰਿਸਨਾ ਜਲਹਿ ਅਧਿਕਾਈ ॥
ਮਰਿ ਮਰਿ ਜੰਮਹਿ ਠਉਰ ਨ ਪਾਵਹਿ ਬਿਰਥਾ ਜਨਮੁ ਗਵਾਈ ॥ (ਪੰਨਾ-1130)
ਚਾਰਿ ਨਦੀਆ ਅਗਨੀ ਤਨਿ ਚਾਰੇ ॥
ਤ੍ਰਿਸਨਾ ਜਲਤ ਜਲੇ ਅਹੰਕਾਰੇ ॥ (ਪੰਨਾ-1172)
ਬਿਨੁ ਨਾਵੈ ਸੁਕਾ ਸੰਸਾਰੁ ॥
ਅਗਨਿ ਤ੍ਰਿਸਨਾ ਜਲੈ ਵਾਰੋ ਵਾਰ ॥ (ਪੰਨਾ-1173)
ਮਹਾ ਅਭਾਗ ਅਭਾਗ ਹੈ ਜਿਨਕੇ ਤਿਨ ਸਾਧੂ ਧੂਰਿ ਨ ਪੀਜੈ ॥
**ਤਿਨਾ ਤ੍ਰਿਸਨਾ ਜਲਤ ਜਲਤ ਨਹੀਂ ਬੂਝਹਿ**
**ਡੰਡੁ ਧਰਮ ਰਾਇ ਕਾ ਦੀਜੈ ॥** (ਪੰਨਾ-1325)
ਅੰਦਰਿ ਤਿਸਨਾ ਅਗਿ ਹੈ ਮਨਮੁਖ ਭੁਖ ਨ ਜਾਇ ॥
ਮੋਹੁ ਕੁਟੰਬੁ ਸਭੁ ਕੂੜੁ ਰਹਿਆ ਲਪਟਾਇ ॥ (ਪੰਨਾ-1424)

ਗੁਰਬਾਣੀ ਵਿਚ ਇਸ ਮਾਨਸਿਕ ਅੱਗ, **ਤ੍ਰਿਸ਼ਨਾਂ ਦੀ ਅਗਨੀ ਨੂੰ ਬੁਝਾਉਣ ਦੇ ਸਾਧਨ** ਇਉਂ ਦੱਸੇ ਹਨ :—

ਗੁਰ ਤੇ ਸਾਂਤਿ ਊਪਜੈ ਜਿਨਿ ਤ੍ਰਿਸਨਾ ਅਗਨਿ ਬੁਝਾਈ ॥ (ਪੰਨਾ-424)
ਤ੍ਰਿਸਨਾ ਦਾਧੀ ਜਲਿ ਮੁਈ ਜਲਿ ਜਲਿ ਕਰੇ ਪੁਕਾਰ ॥
ਸਤਿਗੁਰ ਸੀਤਲ ਜੇ ਮਿਲੈ ਫਿਰਿ ਜਲੈ ਨ ਦੂਜੀ ਵਾਰ ॥ (ਪੰਨਾ-588)
ਸਤਿਗੁਰੁ ਦਾਤਾ ਸੇਵੀਐ ਸਬਦੁ ਵਸੈ ਮਨਿ ਆਇ ॥
ਮਨੁ ਤਨੁ ਸੀਤਲੁ ਸਾਂਤਿ ਹੋਇ ਤ੍ਰਿਸਨਾ ਅਗਨਿ ਬੁਝਾਇ ॥ (ਪੰਨਾ-588)
ਤ੍ਰਿਸਨਾ ਅਗਨਿ ਪ੍ਰਭਿ ਆਪਿ ਬੁਝਾਈ ॥
ਨਾਨਕ ਉਧਰੇ ਪ੍ਰਭ ਸਰਣਾਈ ॥ (ਪੰਨਾ-684)

**'ਮਾਨਸਿਕ ਅਗਨੀ'** ਦੀਆਂ ਕਈ ਕਿਸਮਾਂ ਦੀਆਂ ਚੰਗਿਆੜੀਆਂ-ਗੋਹੇ ਦੀ ਗੁੱਝੀ ਅੱਗ ਵਾਂਗ, ਕਈ ਜਨਮਾਂ ਤੋਂ **ਜੀਵ ਦੇ ਅਤਿਸ਼ਕਰਨ ਅੰਦਰ ਗੁੱਝੀ ਸ਼ਕਲ ਵਿਚ ਦੱਬੀਆਂ ਹੋਈਆਂ ਹਨ ।** ਜਦ ਕਦੇ ਕਿਸੇ ਚੰਗਿਆੜੀ ਨੂੰ **ਬਾਹਰਲੀ ਉਕਸਾਹਟ ਦੀ ਹਵਾ ਲਗਦੀ** ਹੈ ਤਾਂ ਇਹ **ਸੁਲਘਦੀ ਅੱਗ ਮੱਘ ਜਾਂਦੀ ਹੈ** ਅਤੇ ਭਾਬੜ ਬਣ ਜਾਂਦੀ ਹੈ ।



In spite of all this we still have no thought whatsoever of saving ourselves or lessening the 'fire of desires', let alone making an effort!!!

This is how Gurbani warns us about the fearful fire of desires:-

1 *The world is burning up in the fire of desire.*
*It burns and burns, and is destroyed in all its corruption.* 1044

2 ***Spiritual ignorance and desire burn this human body.***
***He alone puts out this fire, who practices and lives the Guru's Shabad.*** **1067**

3 *The self-willed manmukhs are afflicted with the disease of duality; they are burnt by the intense fire of desire.*
*They die and die again, and are reborn; they find no place of rest. They waste their lives uselessly.* 1130

4 ***The four evils are the four rivers of fire flowing through the body.***
***It is burning in desire, and burning in egotism.*** ***1172***

5 *Without the Lord's Name, the world is dry and parched.*
*It burns in the fire of desire, over and over again.* 1173

6 *Those who have terrible luck and bad fortune do not drink in the water which washes the dust of the feet of the Holy.*
*The burning fire of their desires is not extinguished; they are beaten and punished by the Righteous Judge of Dharma.* 1325

7 ***Within the self-willed manmukhs is the fire of desire; their hunger does not depart.***
***Emotional attachments to relatives are totally false; they remain engrossed in falsehood.*** ***1424***

Gurabani tells us in the following lines ways to put out this mental fire, the fire of desire:-

8 *Peace emanates from the Guru; He puts out the fire of desire.* 424

9 *Consumed by desires, the world is burning and dying; burning and burning, it cries out.*
*But if it meets with the cooling and soothing True Guru, it does not burn any longer.* 588

***10*** ***Serving the Giver, the True Guru, the Shabad comes to abide in the mind.***
***The mind and body are cooled and soothed; peace ensues, and the fire of desire is quenched.*** ***588***

11 *God Himself quenches the fires of desire.*
*O Nanak, in God's Sanctuary, one is saved.* 684

Many different types of glowing splints of 'mental fire', over many births, have been buried in some secret form within the sub-conscious mind of the being, like the hidden fire of a dung heap. When any glowing splint comes in touch with some external stimuli, then this glowing fire becomes red hot and bursts into a flame.

**ਉਦਾਹਰਨ ਵਜੋਂ** :—

ਦੋ ਗੁਆਂਢਣਾ ਕਿਸੇ ਨਿੱਕੀ ਜੇਹੀ ਗੱਲ ਦੀ ਉਕਸਾਹਟ ਨਾਲ ਲੜ ਪਈਆਂ । ਇਕ ਦੂਜੇ ਨੂੰ ਤਾਨ੍ਹੇ ਮੇਹਣੇ ਦਿੰਦੀਆਂ, ਗਾਲ-ਗਲੋਟੀ ਹੁੰਦੀਆਂ, ਉਨ੍ਹਾਂ ਵਿਚ **ਕ੍ਰੋਧ ਦੇ ਭਾਂਬੜ ਮੱਚ ਗਏ,** ਅਤੇ ਉਨ੍ਹਾਂ ਨੂੰ **'ਸਣ ਕੱਪੜੀਂ ਅੱਗ ਲਗ ਗਈ ।'** ਉਨ੍ਹਾਂ ਦੋਨਾਂ ਦੇ ਸਰੀਰ **ਕ੍ਰੋਧ ਦੀਆਂ ਭੱਠੀਆਂ ਬਣ ਗਈਆਂ** ਅਤੇ ਉਹ ਖੁੱਦ **ਕ੍ਰੋਧ ਦਾ ਹੀ 'ਰੂਪ' ਬਣ ਗਈਆਂ ।**

ਉਸ ਵੇਲੇ ਡਾਕੀਆ (Postman) ਇਕ ਜਨਾਨੀ ਲਈ ਚਿੱਠੀ ਲੈ ਕੇ ਆਇਆ । ਜਦ ਪਤਾ ਲੱਗਾ ਕਿ ਚਿੱਠੀ ਉਸ ਦੇ ਪ੍ਰਦੇਸੀ ਪੁੱਤਰ ਦੀ ਹੈ ਤਾਂ **ਮਾਂ-ਮਮਤਾ ਨਾਲ** ਉਸ ਦਾ ਅੰਦਰਲਾ **ਕ੍ਰੋਧ ਦਾ ਭਾਂਬੜ ਫੌਰਨ ਬੁੱਝ ਗਿਆ,** ਅਤੇ ਜਿਉਂ-ਜਿਉਂ ਚਿੱਠੀ ਸੁਣਦੀ ਗਈ—ਤਿਉਂ-ਤਿਉਂ ਉਸ ਦਾ ਤਨ-ਮਨ, **ਮਾਂ-ਪਿਆਰ ਨਾਲ ਉਛਲ ਕੇ ਸੀਤਲ, ਕੋਮਲ, ਚਾਉ, ਖੇੜੇ ਵਿਚ ਆ ਗਿਆ ।** ਇਸ ਤਰ੍ਹਾਂ ਉਹ **ਕ੍ਰੋਧ ਵਾਲੇ** ਡਰਾਉਣੇ **'ਬਿਗੜ-ਰੂਪ'** ਤੋਂ **ਬਦਲ ਕੇ** 'ਮਾਂ-ਪਿਆਰ' **ਦੇ ਕੋਮਲ, ਸੋਹਣੇ ਸਵੈਪਨਾ ਦੀ ਮੂਰਤੀ ਬਣ ਗਈ ।**

ਇਨ੍ਹਾਂ ਦੋਹਾਂ ਹਾਲਤਾਂ :—

'ਕ੍ਰੋਧ ਦੇ ਭਾਂਬੜ'

**ਅਤੇ**

'ਪਿਆਰ ਸਵੈਪਨਾ'

ਵਿੱਚ ਜ਼ਮੀਨ ਅਸਮਾਨ ਦਾ **ਫਰਕ ਹੈ** ਅਤੇ ਇਹ ਦੋਨੋਂ ਹਾਲਤਾਂ-ਆਪਸ ਵਿੱਚ **ਮੁਤਜ਼ਾਦ ਅਤੇ ਉਲਟ ਹਨ ।**

ਇਨ੍ਹਾਂ ਦੋਹਾਂ ਮੁਤਜ਼ਾਦ ਹਾਲਤਾਂ ਦੇ ਪ੍ਰਗਟ ਵੇ ਦਾ ਖੇਤਰ, **ਸਾਡਾ ਮੁਤਜ਼ਾਦ** 'ਮਨ' ਹੀ ਹੈ ।

ਇਸ ਉਦਾਹਰਨ ਤੋਂ ਸਪੱਸ਼ਟ ਹੈ ਕਿ **ਸਾਡੇ ਅਦਰ ਹੀ ਇਕ ਪਾਸੇ 'ਆਤਿਸ਼ ਦੁਨੀਆਂ' 'ਅਗਨ ਸ਼ੋਕ ਸਾਗਰ' ਹੈ** ਅਤੇ **ਦੂਜੇ ਪਾਸ** 'ਖੁਨਕ ਨਾਮੁ ਖੁਦਾਇਆ' ਹੈ, "ਠਾਂਢਾ ਹਰਿ ਨਾਉ ਹੈ ।"

ਇਨ੍ਹਾਂ ਦੋਹਾਂ ਹਾਲਤਾਂ ਦਾ **ਨਿਰਨਾ ਅਤੇ ਚਣੌਤੀ** ਅਸੀਂ **ਅਸੀਂ ਆਪ ਹੀ ਕਰਨੀ ਹੈ** ਅੰਤੇ ਉਸ ਦੀ ਪ੍ਰਾਪਤੀ ਲਈ :—

ਸਮਝਣ
ਜਾਣਨ
ਬੁੱਝਣ
ਵਿਚਾਰਨ ਅਤੇ
**ਉੱਦਮ**
ਘਾਲਣਾ
**ਕਰਨ ਦੀ ਅਤਿ ਲੋੜ ਹੈ ।**



As an analogy:-

Two women neighbours began to quarrel over a small thing. They traded names and insults and the fires of anger consumed them so much that even while clothed they were on fire. Both of them became the 'kilns' of anger eventually becoming an embodiment of resentment.

At that time a postman delivered a letter to one of the ladies. When she realised that the letter was from her son who was overseas, her internal anger suddenly disappeared and as she continued to listen to the letter, her mind and body overwhelmed with motherly love, became cool, tender, joyous and cheerful. In this way from a frightening appearance of a form filled with anger, she changed into a tender, beautiful form of her real self.

Both these conditions:-

'the flames of anger'

and

'lovely self'

there is a world of difference and both these conditions are in conflict and the opposite of each other.

The source and course of both these opposite conditions is our own contradictory mind.

It is clear from this analogy that within our own mind on one side there is the 'fiery world' ' grief ocean of fire' and on the other side is the 'cool and soothing' Naam of Waheguru', 'cool and calming is the Naam of the Lord'.

To differentiate and face the challenge that these two conditions present we ourselves have to:-

understand
know
unravel
contemplate and an
effort
endeavor
has to be made.

ਇਸੇ 'ਮਾਨਸਿਕ ਅਗਨੀ' ਯਾ 'ਅਗਨ ਸ਼ੋਕ ਸਾਗਰ' ਦੀ ਜੜ ਸਾਡੀ **ਹਉਮੈ ਦਾ 'ਭਰਮ-ਭੁਲਾਵਾ' ਹੈ ।**

ਇਹ **ਹਉਮੈ ਦਾ** 'ਭਰਮ'-ਇਲਾਹੀ ਪ੍ਰਕਾਸ ਦੀ **ਅਣਹੋਂਦ** ਯਾ ਅਗਿਆਨਤਾ **ਦੇ** ਹਨੇਰ ਵਿਚੋਂ ਉਪਜਦਾ ਹੈ ।

**ਦੂਜੇ ਲਫਜ਼ਾਂ** ਵਿਚ ਜਦ ਅਸੀਂ ਅਕਾਲ ਪੁਰਖ ਨੂੰ '**ਭੁਲ**' **ਜਾਂਦੇ ਹਾਂ** ਅਤੇ ਉਸ ਦੇ **ਪ੍ਰਕਾਸ਼ ਤੋਂ 'ਉਹਲੇ' ਹੋ ਜਾਂਦੇ ਹਾਂ**-ਤਾਂ ਅਸੀਂ **'ਹਉਮੈ'** ਦੇ 'ਭਰਮ-ਭੁਲੇਖਿਆਂ' **ਵਿਚ ਵਸਦੇ ਤੇ ਵਿਚਰਦੇ ਹਾਂ ।**

ਜਿਸ ਤਰ੍ਹਾਂ ਹਨੇਰੇ ਵਿਚ ਹੀ, ਹਰ ਕਿਸਮ ਦੀਆਂ **ਆਫਤਾਂ** ਯਾ ਕੀੜੇ-ਮਕੌੜੇ, ਮੱਛਰ, ਠੂਹੇਂ, ਸੱਪ ਆਦਿ **ਉਪਜਦੇ ਤੇ ਪਲਦੇ ਹਨ**, ਇਸੇ ਤਰ੍ਹਾਂ ਸਾਡੇ ਮਨ ਦੇ **'ਭਰਮ ਭੁਲਾਵੇ' ਦੇ ਹਨੇਰ ਵਿਚ** ਹੀ ਸਾਰੀਆਂ **ਮਾਨਸਿਕ 'ਬਲਾਵਾਂ'** ਅਥਵਾ **'ਵਾਸ਼ਨਾਵਾਂ'** ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਅਤੇ ਇਹਨਾਂ ਦੀ '**ਹਠੀਲੀ ਫੌਜ**' ਈਰਖਾ, ਦਵੈਤ, ਸਾੜਾ, ਨਫਰਤ, ਅਸ਼ਾਂਤੀ, ਖ਼ੁਦ-ਗਰਜ਼ੀ, ਕਲ-ਕਲੇਸ਼ ਆਦਿ, ਦਾ ਬੋਲ-ਬਾਲਾ ਅਤੇ ਵਰਤ-ਵਰਤਾਰਾ **ਹੁੰਦਾ** ਹੈ, ਜਿੰਨਾ ਦੇ "**ਸੇਕ**" **ਨਾਲ** ਸਾਰੀ ਦੁਨੀਆਂ **'ਮਾਨਸਿਕ ਅਗਨੀ' ਵਿਚ ਸੜ-ਬੱਲ ਕੇ ਦੁਖੀ ਹੋ ਰਹੀ ਹੈ** :—

ਗੁਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ । (ਪੰਨਾ-673)
ਜਗਤੁ ਜਲੰਦਾ ਡਿਠੁ ਮੈ ਹਉਮੈ ਦੂਜੈ ਭਾਇ ॥ (ਪੰਨਾ-651)
ਬਾਬਾ ਦੇਖੈ ਧਿਆਨ ਧਰਿ ਜਲਤੀ ਸਭਿ ਪ੍ਰਿਥਵੀ ਦਿਸਿ ਆਈ । (ਵਾ.ਭਾ.ਗੁ 1/24)

ਗੁਰਬਾਣੀ ਵਿਚ ਰੱਬ ਨੂੰ **ਵਿਸਰਨ ਯਾ 'ਭੁੱਲਨ' ਦੇ ਇਹ ਨਤੀਜੇ** ਦੱਸੇ ਹਨ :—

ਜਿਨੀ ਨਾਮੁ ਵਿਸਾਰਿਆ ਦੂਜੀ ਕਾਰੈ ਲਗਿ ॥
**ਦੁਬਿਧਾ ਲਾਗੇ ਪਚਿ ਮੁਏ ਅੰਤਰਿ ਤ੍ਰਿਸਨਾ ਅਗਿ ॥** (ਪੰਨਾ-19)
ਗੁਰ ਕਾ ਸਬਦੁ ਵਿਸਾਰਿਆ ਦੂਜੈ ਭਾਇ ਰਚੰਨਿ ॥
**ਤਿਸਨਾ ਭੁਖ ਨ ਉਤਰੈ ਅਨਦਿਨੁ ਜਲਤ ਫਿਰੰਨਿ ॥** (ਪੰਨਾ-755)
**ਹਉਮੈ ਜਲਿਆ ਮਨਹੁ ਵਿਸਾਰੇ ॥**
ਜਮਪੁਰ ਵਜਹਿ ਖੜਗ ਕਰਾਰੇ ॥ (ਪੰਨਾ-993)
ਜਿਸ ਨੋ ਬਿਸਰੈ ਪੁਰਖੁ ਬਿਧਾਤਾ ॥
**ਜਲਤਾ ਫਿਰੈ ਰਹੈ ਨਿਤ ਤਾਤਾ ॥** (ਪੰਨਾ-1086)
ਚਲੇ ਨਾਮੁ ਵਿਸਾਰਿ ਤਾਵਣਿ ਤਤਿਆ ॥
**ਬਲਦੀ ਅੰਦਰਿ ਤੇਲੁ ਦੁਬਿਧਾ ਘਤਿਆ ॥** (ਪੰਨਾ-1289)

(ਚਲਦਾ ..)



The root of this 'mental fire' or the 'grief ocean of fire' is the 'doubt fallacy' of our own *haumai* or ego.

This 'doubt-fallacy' of ego arises from the darkness of the absence or ignorance of Divine Illumination.

In other words when we 'forget the Infinite Lord and move away from His Illumination then we begin to live and grow in the 'doubt fallacies' of egotism.

Just as every other misfortune or worms-insects, mosquitoes, centipedes, snakes etc. happen, grow and nurture in the darkness, in the same way in the darkness of our mind's 'doubt-fallacy', all the mind's 'demons' that is 'passions' (that result from) lust, anger, greed, attachment, anger and their 'tenacious army' of jealousy, duality, envy, hatred, restlessness, selfishness, misery-grief predominate and are in full control. The 'heat' created by them causes the entire mankind to burn in the 'mental fire' and continue to face misery.

1 *The world is being consumed by this hidden fire, but Maya does not cling to the Lord's devotees.* 673

2 *I have seen that the world is burning, in egotism and the love of duality.* 651

3 *Baba (Guru Nanak) saw with his contemplative eye that the whole mankind is burning in fire.* Var Bh Gur. 1/24

**In Gurbani the consequences of overlooking or forgetting God are listed as follows:-**

4 *Attached to duality, they putrefy and die; they are filled with the fire of desire within.* 19

5 *Those who forget the Word of the Guru's Shabad are engrossed in the love of duality.*
*Their hunger and thirst never leave them, and night and day, they wander around burning.* 993

6 *Burnt by egotism, one forgets the Lord from his mind.*
*In the City of Death, he is attacked with massive swords.* 993

7 *One who forgets the Primal Lord, the Architect of karma, wanders around burning, and remains tormented.* 1086

8 *All the world is enveloped by the darkness of egotistical pride. It does not like the Truth.*
*Those who depart from this world, forgetting the Naam, shall be roasted in the frying pan.* 1289